# ਸੰਭਾਲ ਪ੍ਰਬੰਧਨ (ਕੰਜ਼ਰਵੇਸ਼ਨ ਸਟੀਵਰਡਸ਼ਿਪ) ਪ੍ਰੋਗਰਾਮ (Conservation Stewardship Program)

## ਕੀ CSP ਮੇਰੇ ਲਈ ਠੀਕ ਹੈ?





### ਕੀ ਤੁਸੀਂ ਹੇਠ ਲਿਖਿਆਂ ਦਾ 'ਹਾਂ' ਵਿੱਚ ਜਵਾਬ ਦੇ ਸਕਦੇ ਹੋ?

#### ਫਿਰ CSP ਤੁਹਾਡੇ ਕਾਰਜ ਸੰਚਾਲਨ ਲਈ ਚੰਗਾ ਢੁਕਵਾਂ ਹੋ ਸਕਦਾ ਹੈ।

- ☐ ਮੈਂ ਖੇਤੀਬਾੜੀ ਜਾਂ ਜੰਗਲਾਤ ਉਤਪਾਦਨ, ਜਿਵੇਂ ਫਸਲਾਂ ਦੀ ਜ਼ਮੀਨ, ਰੇਂਜਲੈਂਡ, ਘਾਹ ਦੇ ਮੈਦਾਨ ਜਾਂ ਚਰਾਗਾਹ ਲਈ ਜ਼ਮੀਨ ਦੀ ਮਲਕੀਅਤ ਵਾਲਾ(ਲੀ) ਵਾਲਾ(ਲੀ) ਜਾਂ ਇਸ ਨੂੰ ਕਿਰਾਏ ਤੇ ਲੈਂਦਾ(ਦੀ) ਹਾਂ ਅਤੇ ਪ੍ਰਬੰਧਿਤ ਕਰਦਾ(ਦੀ) ਹਾਂ।
- ☐ ਮੈਂ ਪਹਿਲਾਂ ਹੀ ਮੇਰੇ ਕੰਮ ਦੇ ਸੰਚਾਲਨ ਵਿੱਚ ਸੰਭਾਲ ਦਾ ਕੰਮ ਕਰ ਰਿਹਾ(ਰਹੀ) ਹਾਂ।
- ☐ ਮੈਂ ਵਾਤਾਵਰਣ ਪ੍ਰਬੰਧਨ ਦੇ ਉੱਚ ਪੱਧਰ ਦੀ ਪ੍ਰਾਪਤੀ ਲਈ ਆਪਣੇ ਮੌਜੂਦਾ ਸੰਭਾਲ ਦੇ ਯਤਨਾਂ ਦਾ ਵਿਸਤਾਰ ਕਰਨਾ ਚਾਹੁੰਦਾ(ਦੀ) ਹਾਂ।
- ☐ ਮੇਰਾ ਘੱਟੋ-ਘੱਟ ਪੰਜ ਸਾਲਾਂ ਲਈ ਜ਼ਮੀਨ ਦਾ ਨਿਯੰਤਰਣ ਬਣਾਈ ਰੱਖਣ ਦਾ ਇਰਾਦਾ ਹੈ ਜਾਂ ਮੈਂ ਇਸਦੀ ਯੋਜਨਾ ਬਣਾਈ ਹੈ।
- ☐ ਮੇਰੀ ਜ਼ਮੀਨ ਬਹੁਤ ਜ਼ਿਆਦਾ ਖੋਰ ਵਾਲੀ ਜ਼ਮੀਨ ਅਤੇ ਗਿੱਲੀ ਜਮੀਨ (ਵੈਟਲੈਂਡ) ਸੰਭਾਲ ਨਿਰਧਾਰਨ ਪ੍ਰਬੰਧਾਂ ਦੀ ਪਾਲਣਾ ਕਰਦੀ ਹੈ (ਜੇ ਇਸ ਬਾਰੇ ਯਕੀਨੀ ਤੌਰ ਤੇ ਪਤਾ ਨਹੀਂ ਹੈ ਤਾਂ ਆਪਣੇ ਸਥਾਨਕ USDA ਸੇਵਾ ਕੇਂਦਰ ਨੂੰ ਪੁੱਛੋ)
- ☐ ਮੇਰੇ ਕੋਲ IRS ਦੁਆਰਾ ਜਾਰੀ ਕੀਤਾ ਗਿਆ ਸਮਾਜਿਕ ਸੁਰੱਖਿਆ ਨੰਬਰ ਜਾਂ ਰੁਜ਼ਗਾਰਦਾਤਾ ਪਛਾਣ ਨੰਬਰ ਹੈ।
- ☐ ਮੇਰੀ ਸਮਾਯੋਜਿਤ ਕੀਤੀ ਕੁੱਲ ਆਮਦਨ $900,000 ਤੋਂ ਘੱਟ ਹੈ (ਭਾਰਤੀ ਜਨਜਾਤੀਆਂ ਤੇ ਲਾਗੂ ਨਹੀਂ ਹੁੰਦੀ)।
- ☐ ਕਿਸੇ ਇਕਾਈ ਜਾਂ ਸਾਂਝੇ ਸੰਚਾਲਨ ਦੇ ਮੈਂਬਰ ਵਜੋਂ, ਮੇਰੇ ਕੋਲ ਕਾਰੋਬਾਰ ਲਈ ਪ੍ਰਬੰਧਨ ਦੇ ਫੈਸਲੇ ਲੈਣ ਦਾ ਅਧਿਕਾਰ ਹੈ।

### CSP ਕੀ ਹੈ?

**ਸੰਭਾਲ ਪ੍ਰਬੰਧਨ ਪ੍ਰੋਗਰਾਮ** (CSP) ਖੇਤੀਬਾੜੀ ਅਤੇ ਜੰਗਲਾਤ ਉਤਪਾਦਕਾਂ ਨੂੰ ਉਨ੍ਹਾਂ ਦੇ ਸੰਭਾਲ ਦੇ ਯਤਨਾਂ ਨੂੰ ਅਗਲੇ ਪੱਧਰ ਤੱਕ ਲੈ ਜਾਣ ਵਿੱਚ ਮਦਦ ਕਰਨ ਲਈ ਤਕਨੀਕੀ ਅਤੇ ਵਿੱਤੀ ਮਦਦ ਪ੍ਰਦਾਨ ਕਰਦਾ ਹੈ।

ਇਹ ਪ੍ਰੋਗਰਾਮ ਉਨ੍ਹਾਂ ਖੇਤੀਬਾੜੀ ਅਤੇ ਜੰਗਲਾਤ ਉਤਪਾਦਕਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਕੀਤਾ ਗਿਆ ਹੈ ਜੋ ਵਾਧੂ ਸੰਭਾਲ ਗਤੀਵਿਧੀਆਂ ਨੂੰ ਅਪਣਾ ਕੇ ਅਤੇ ਉਨ੍ਹਾਂ ਦੀ ਸੰਭਾਲ ਦੇ ਮੁਢਲੇ ਪੱਧਰ ਨੂੰ ਕਾਇਮ ਰੱਖਦੇ ਹੋਏ ਆਪਣੇ ਸੰਭਾਲ ਦੇ ਪੱਧਰ ਨੂੰ ਵਧਾਉਣ ਲਈ ਸਹਿਮਤ ਹਨ। CSP ਉਨ੍ਹਾਂ ਉਤਪਾਦਕਾਂ ਲਈ ਹੈ ਜੋ ਸੰਭਾਲ ਅਤੇ ਵਾਤਾਵਰਣ ਸੰਭਾਲ ਦੇ ਪ੍ਰਤੀ ਜੋਸ਼ੀਲੇ ਹਨ।

### ਇਸਦੇ ਕੀ ਲਾਭ ਹਨ?

CSP ਬਹੁਤ ਸਾਰੇ ਲਾਭ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਫਸਲ ਉਤਪਾਦਨ ਵਿੱਚ ਵਾਧਾ, ਇਨਪੁੱਟ ਵਿੱਚ ਕਮੀ, ਜੰਗਲੀ ਜੀਵਾਂ ਦੇ ਨਿਵਾਸ ਵਿੱਚ ਸੁਧਾਰ ਅਤੇ ਮੌਸਮ ਦੀ ਅਤਿਅੰਤਤਾਵਾਂ ਪ੍ਰਤੀ ਵਧੀ ਹੋਈ ਲਚਕਤਾਵਾਂ ਸ਼ਾਮਲ ਹਨ। CSP ਨਵੀਂਆਂ ਤਕਨੀਕਾਂ ਅਤੇ ਪ੍ਰਬੰਧਨ ਤਕਨੀਕਾਂ ਨੂੰ ਅਪਣਾਉਣ ਲਈ ਵੀ ਉਤਸ਼ਾਹਤ ਕਰਦਾ ਹੈ।

ਉਦਾਹਰਣ ਲਈ, CSP ਹੇਠਾਂ ਦਿੱਤੀਆਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ:

- ਸਮੇਂ ਸਿਰ ਬਿਜਾਈ ਅਤੇ ਸ਼ਾਮਲ ਫਸਲਾਂ ਦਾ ਪ੍ਰਬੰਧਨ ਤੈਅ ਕਰਦਾ ਹੈ
- ਚਰਾਉਣ ਦੀ ਯੋਜਨਾ ਵਿਕਸਤ ਕਰਦਾ ਹੈ ਜੋ ਤੁਹਾਡੇ ਚਾਰੇ ਦੇ ਅਧਾਰ ਨੂੰ ਸੁਧਾਰੇਗੀ
- ਮਿੱਟੀ ਦੇ ਖੋਰ ਨੂੰ ਘਟਾਉਣ ਜਾਂ ਜੰਗਲੀ ਖੇਤਰਾਂ ਦਾ ਪ੍ਰਬੰਧਨ ਕਰਨ ਲਈ ਇਸ ਤਰ੍ਹਾਂ ਜੁਤਾਈ ਕਰਨ ਤੋਂ ਮਨਾਹੀ (ਨੋ-ਟਿਲ) ਨੂੰ ਲਾਗੂ ਕਰਦਾ ਹੈ ਜਿਸ ਨਾਲ ਜੰਗਲੀ ਜੀਵਾਂ ਦੇ ਨਿਵਾਸ ਨੂੰ ਲਾਭ ਹੁੰਦਾ ਹੈ।

ਜੇ ਤੁਸੀਂ ਪਹਿਲਾਂ ਹੀ ਜ਼ਮੀਨ ਦੀ ਹਾਲਤ ਨੂੰ ਸੁਧਾਰਨ ਲਈ ਪਹਿਲਾਂ ਹੀ ਕਦਮ ਚੁੱਕ ਰਹੇ ਹੋ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ CSP ਤੁਹਾਡੇ ਟੀਚਿਆਂ ਨੂੰ ਪੂਰਾ ਕਰਨ ਦੇ ਨਵੇਂ ਤਰੀਕੇ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

## CSP ਕਿਵੇਂ ਕੰਮ ਕਰਦਾ ਹੈ?

CSP ਉਤਪਾਦਕਾਂ ਲਈ ਨਵੇਂ ਸੰਭਾਲ ਅਭਿਆਸਾਂ, ਵਾਧਾ ਅਤੇ ਬੰਡਲਾਂ ਨੂੰ ਲਾਗੂ ਕਰਕੇ ਮੌਜੂਦਾ ਸੰਭਾਲ ਯਤਨਾਂ ਨੂੰ ਵਧਾਉਣ ਦੇ ਮੌਕੇ ਪ੍ਰਦਾਨ ਕਰਦਾ ਹੈ। ਇਹ ਨਵੀਆਂ ਗਤੀਵਿਧੀਆਂ ਕੁਦਰਤੀ ਸਰੋਤਾਂ ਨੂੰ ਵਧਾਉਣ ਅਤੇ ਕਾਰਜ ਨੂੰ ਬਿਹਤਰ ਸੰਚਾਲਨ ਵਿੱਚ ਮਦਦ ਕਰਨਗੀਆਂ।

ਉਦਾਹਰਣ ਲਈ, ਜੇ ਤੁਸੀਂ ਇੱਕ ਸ਼ਾਮਲ (ਕਵਰ) ਫਸਲ ਬੀਜ ਰਹੇ ਹੋ, ਤਾਂ ਤੁਸੀਂ ਮਿੱਟੀ ਦੇ ਸੰਘਣਤਾ ਨੂੰ ਤੋੜਨ ਲਈ ਇੱਕ ਬਹੁ-ਪ੍ਰਜਾਤੀ ਸ਼ਾਮਲ ਫਸਲ ਨੂੰ ਵਧਾਉਣ ਦੀ ਕੋਸ਼ਿਸ਼ ਕਰਨ ਜਾਂ ਇੱਕ ਡੂੰਘੀ ਜੜ੍ਹਾਂ ਵਾਲੀ ਫਸਲ ਨੂੰ ਲਗਾਉਣ ਦਾ ਫੈਸਲਾ ਕਰ ਸਕਦੇ ਹੋ।

ਜੇ ਤੁਸੀਂ CSP ਲਈ ਅਰਜ਼ੀ ਦੇਣ ਦਾ ਫੈਸਲਾ ਕਰਦੇ ਹੋ, ਤਾਂ ਸਥਾਨਕ NRCS ਸੰਭਾਲ ਯੋਜਨਾਕਾਰ ਤੁਹਾਡੇ ਨਾਲ ਤੁਹਾਡੀ ਮੌਜੂਦਾ ਪ੍ਰਬੰਧਨ ਪ੍ਰਣਾਲੀ ਅਤੇ ਤੁਹਾਡੀ ਜ਼ਮੀਨ ਦੇ ਕੁਦਰਤੀ ਸਰੋਤਾਂ ਦਾ ਮੁਲਾਂਕਣ ਕਰਨ ਲਈ ਤੁਹਾਡੇ ਨਾਲ ਆਹਮਣੇ-ਸਾਹਮਣੇ ਦਾ ਸਲਾਹ ਮਸ਼ਵਰਾ ਕਰੇਗਾ। ਫਿਰ ਤੁਸੀਂ ਆਪਣੇ ਸੰਚਾਲਨ ਲਈ ਪ੍ਰਬੰਧਨ ਦੇ ਉਦੇਸ਼ਾਂ ਦੇ ਅਧਾਰ ਤੇ ਨਵੀਆਂ CSP ਸੰਭਾਲ ਗਤੀਵਿਧੀਆਂ ਦੀ ਚੋਣ ਕਰਨ ਲਈ NRCS ਸੰਭਾਲ ਯੋਜਨਾਕਾਰ ਦੇ ਨਾਲ ਕੰਮ ਕਰੋਗੇ।

ਇੱਕ ਵਾਰ ਜਦੋਂ ਤੁਸੀਂ ਸੰਭਾਲ ਦੇ ਅਭਿਆਸਾਂ ਜਾਂ ਗਤੀਵਿਧੀਆਂ ਨੂੰ ਚੁਣਦੇ ਹੋ ਜੋ ਸਭ ਤੋਂ ਢੁਕਵੀਆਂ ਹੁੰਦੀਆਂ ਹਨ ਅਤੇ ਜੇ ਤੁਹਾਡੀ ਅਰਜ਼ੀ ਵਿੱਤ ਪ੍ਰਦਾਨ ਕਰਨ ਲਈ ਚੁਣੀ ਜਾਂਦੀ ਹੈ, ਤਾਂ CSP ਤੁਹਾਡੀ ਜ਼ਮੀਨ ਤੇ ਇਨ੍ਹਾਂ ਅਭਿਆਸਾਂ ਨੂੰ ਲਾਗੂ ਕਰਨ ਅਤੇ ਮੌਜੂਦਾ ਸੰਭਾਲ ਯਤਨਾਂ ਨੂੰ ਚਲਾਉਣ ਅਤੇ ਕਾਇਮ ਰੱਖਣ ਲਈ ਸਾਲਾਨਾ ਭੁਗਤਾਨ ਦੀ ਪੇਸ਼ਕਸ਼ ਕਰਦਾ ਹੈ।

ਕੀ ਤੁਸੀਂ ਇਸਨੂੰ ਇੱਕ ਕਦਮ ਹੋਰ ਅੱਗੇ ਲੈ ਕੇ ਜਾਣਾ ਚਾਹੁੰਦੇ ਹੋ? CSP ਬੰਡਲਾਂ ਦੀ ਪੇਸ਼ਕਸ਼ ਵੀ ਕਰਦਾ ਹੈ ਜਿੱਥੇ ਤੁਸੀਂ ਵਾਧੇ ਦੇ ਇੱਕ ਸਮੂਹ ਦੀ ਚੋਣ ਕਰ ਸਕਦੇ ਹੋ ਅਤੇ ਵਧੇਰੇ ਭੁਗਤਾਨ ਦਰ ਪ੍ਰਾਪਤ ਕਰ ਸਕਦੇ ਹੋ।

## CSP ਇਕਰਾਰਨਾਮਾ ਕਿੰਨੇ ਚਿਰ ਦਾ ਹੁੰਦਾ ਹੈ?

ਜੇਕਰ ਤੁਸੀਂ ਆਪਣੀ ਪਹਿਲੇ ਇਕਰਾਰਨਾਮੇ ਦੀ ਮਿਆਦ ਸਫਲਤਾਪੂਰਵਕ ਪੂਰੀ ਕਰਦੇ ਹੋ ਅਤੇ ਜੇ ਤੁਹਾਡੀ ਨਵੀਨੀਕਰਣ ਦੀ ਅਰਜ਼ੀ ਦਾ ਰੈਂਕ ਕਾਫ਼ੀ ਉੱਚਾ ਹੈ (CSP ਨਵੀਨੀਕਰਣ ਇੱਕ ਪ੍ਰਤੀਯੋਗੀ ਪ੍ਰਕਿਰਿਆ ਹੈ) ਤਾਂ ਪੰਜ ਸਾਲ ਅਤੇ ਹੋਰ ਪੰਜ ਸਾਲਾਂ ਦੀ ਮਿਆਦ ਦੇ ਨਵੀਨੀਕਰਣ ਦੀ ਸੰਭਾਵਨਾ ਦੇ ਨਾਲ।

## CSP ਯੋਗਤਾ

### ਜ਼ਮੀਨ ਯੋਗਤਾ

**ਸਵਾਲ: ਕਿਹੜੀਆਂ ਜ਼ਮੀਨਾਂ CSP ਲਈ ਯੋਗ ਹਨ?**

**ਜਵਾਬ:** ਯੋਗ ਜ਼ਮੀਨਾਂ ਵਿੱਚ ਨਿੱਜੀ ਖੇਤੀਬਾੜੀ ਯੋਗ ਜ਼ਮੀਨਾਂ, ਖੇਤੀਬਾੜੀ ਯੋਗ ਭਾਰਤੀਆਂ ਦੀਆਂ ਜ਼ਮੀਨਾਂ, ਗੈਰ-ਉਦਯੋਗਿਕ ਨਿੱਜੀ ਜੰਗਲ ਦੀਆਂ ਜ਼ਮੀਨਾਂ, ਫਾਰਮਸਟੇਡ, ਸੰਬੰਧਤ ਖੇਤੀਬਾੜੀ ਯੋਗ ਜ਼ਮੀਨਾਂ ਅਤੇ ਜਨਤਕ ਜ਼ਮੀਨਾਂ ਜੋ ਬਿਨੈਕਾਰ ਦੇ ਨਿਯੰਤਰਣ ਅਤੇ ਉਨ੍ਹਾਂ ਦੇ ਕੰਮ ਦੇ ਸੰਚਾਲਨ ਦੇ ਹਿੱਸੇ ਅਧੀਨ ਹਨ, ਸ਼ਾਮਲ ਹਨ। ਕਿਸੇ ਵੀ ਘੱਟੋ-ਘੱਟ ਰਕਬੇ ਦੀ ਲੋੜ ਨਹੀਂ ਹੈ। CSP ਤੁਹਾਡੇ ਪੂਰੇ ਸੰਚਾਲਨ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਕਰਦਾ ਹੈ, ਨਾਕਿ ਸਿਰਫ ਇੱਕ ਵਿਸ਼ੇਸ਼ ਖੇਤਰ ਜਾਂ ਪੱਟੀ ਨੂੰ। CSP ਦੇ ਯੋਗ ਹੋਣ ਲਈ ਸਾਰੀ ਜ਼ਮੀਨ USDA ਦੀ ਬਹੁਤ ਜ਼ਿਆਦਾ ਖੋਰ ਵਾਲੀ ਜ਼ਮੀਨ ਅਤੇ ਗਿੱਲੀ ਜਮੀਨ (ਵੈਟਲੈਂਡ) ਸੰਭਾਲ ਦੇ ਪ੍ਰਬੰਧਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ।

**ਸਵਾਲ: ਮੈਂ ਖੇਤੀ ਲਈ ਨਵਾਂ(ਵੀਂ) ਹਾਂ? ਕੀ ਮੈਂ CSP ਲਈ ਯੋਗ ਹਾਂ?**

**ਜਵਾਬ:** ਹਾਲੇ ਨਹੀਂ। ਜ਼ਮੀਨ ਦੀ ਖੇਤੀਬਾੜੀ ਜਾਂ ਜੰਗਲਾਤ ਉਤਪਾਦ ਪੈਦਾ ਕਰਨ ਲਈ ਸਰਗਰਮੀ ਨਾਲ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਭਵਿੱਖ ਵਿੱਚ ਖੇਤੀਬਾੜੀ ਉਤਪਾਦਨ ਲਈ ਸਾਫ਼ ਕੀਤੀਆਂ ਜਾਂ ਤਿਆਰ ਕੀਤੀਆਂ ਜਾ ਰਹੀਆਂ ਜ਼ਮੀਨਾਂ ਉਦੋਂ ਤੱਕ CSP ਦੇ ਯੋਗ ਨਹੀਂ ਹੁੰਦੀਆਂ ਹਨ ਜਦੋਂ ਤੱਕ ਕੋਈ ਖੇਤੀਬਾੜੀ ਸੰਚਾਲਨ ਸਥਾਪਿਤ ਨਹੀਂ ਕੀਤਾ ਗਿਆ ਹੁੰਦਾ ਅਤੇ ਫਸਲਾਂ, ਭੋਜਨ ਜਾਂ ਰੇਸ਼ਾ ਸਫਲਤਾਪੂਰਵਕ ਪੈਦਾ ਨਹੀਂ ਕਰ ਲਿਆ ਗਿਆ ਹੁੰਦਾ। ਜ਼ਮੀਨ ਨੂੰ ਸਾਫ਼ ਕਰਨ ਤੋਂ ਪਹਿਲਾਂ ਆਪਣੇ ਸਥਾਨਕ USDA ਸੇਵਾ ਕੇਂਦਰ ਨਾਲ ਇਹ ਜਾਂਚ ਕਰਨਾ ਯਕੀਨੀ ਬਣਾਓ ਕਿ ਤੁਸੀਂ ਬਹੁਤ ਜ਼ਿਆਦਾ ਖੋਰ ਯੋਗ ਜਮੀਨ ਸੰਭਾਲ ਜਾਂ ਗਿੱਲੀ ਜਮੀਨ (ਵੈਟਲੈਂਡ) ਸੰਭਾਲ ਜ਼ਰੂਰਤਾਂ ਦੀ ਉਲੰਘਣਾ ਨਹੀਂ ਕਰੋਗੇ। NRCS ਦੇ ਸੰਪੂਰਨ ਉਚਿਤ ਨਿਰਧਾਰਨ ਕਰਨ ਵਿੱਚ ਅਸਫਲ ਰਹਿਣ ਨਾਲ USDA ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦੀ ਤੁਹਾਡੀ ਯੋਗਤਾ ਤੇ ਅਸਰ ਪੈ ਸਕਦਾ ਹੈ।

### ਉਤਪਾਦਕ ਦੀ ਯੋਗਤਾ

**ਸਵਾਲ: CSP ਲਈ ਅਰਜ਼ੀ ਦੇਣ ਦੇ ਯੋਗ ਕੌਣ ਹੈ?**

**ਜਵਾਬ:** ਬਿਨੈਕਾਰਾਂ ਵਿੱਚ ਵਿਅਕਤੀ, ਕਾਨੂੰਨੀ ਇਕਾਈਆਂ, ਸੰਯੁਕਤ ਸੰਚਾਲਨ ਜਾਂ ਭਾਰਤੀ ਜਨਜਾਤੀਆਂ ਸ਼ਾਮਲ ਹੋ ਸਕਦੀਆਂ ਹਨ ਜੋ ਇਸ ਵੇਲੇ ਖੇਤੀਬਾੜੀ ਜਾਂ ਜੰਗਲਾਤ ਉਤਪਾਦਨ ਲਈ ਜ਼ਮੀਨ ਦੀਆਂ ਮਾਲਕ ਹਨ ਜਾਂ ਉਨ੍ਹਾਂ ਨੂੰ ਕਿਰਾਏ ਤੇ ਲੈਂਦੀਆਂ ਹਨ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਦੀਆਂ ਹਨ। ਬਿਨੈਕਾਰ ਦੇ ਕੋਲ IRS ਦੁਆਰਾ ਜਾਰੀ ਕੀਤਾ ਗਿਆ ਸਮਾਜਿਕ ਸੁਰੱਖਿਆ ਨੰਬਰ ਜਾਂ ਰੁਜ਼ਗਾਰਦਾਤਾ ਪਛਾਣ ਨੰਬਰ ਹੋਣਾ ਚਾਹੀਦਾ ਹੈ ਅਤੇ ਉਸ ਲਈ 5 ਸਾਲਾਂ ਦੇ CSP ਇਕਰਾਰਨਾਮੇ ਦੇ ਪੂਰੇ ਸਮੇਂ ਲਈ ਜ਼ਮੀਨ ਦਾ ਨਿਯੰਤਰਣ ਰੱਖਣਾ ਲਾਜ਼ਮੀ ਹੈ। ਬਿਨੈਕਾਰ ਦੀ $900,000 ਤੋਂ ਘੱਟ ਦੀ ਸਮਾਯੋਜਿਤ ਕੀਤੀ ਕੁੱਲ ਆਮਦਨੀ ਹੋਣੀ ਚਾਹੀਦੀ ਹੈ। ਸਮਾਯੋਜਿਤ ਕੁੱਲ ਆਮਦਨੀ ਦੀ ਜ਼ਰੂਰਤਾਂ ਭਾਰਤੀ ਜਨਜਾਤੀਆਂ ਤੇ ਲਾਗੂ ਨਹੀਂ ਹੁੰਦੀਆਂ।

### ਪ੍ਰਬੰਧਨ ਥ੍ਰੈਸ਼ਹੋਲਡ ਯੋਗਤਾ (Stewardship Threshold Eligibility)

**ਸਵਾਲ: ਪ੍ਰਬੰਧਨ ਥ੍ਰੈਸ਼ਹੋਲਡ ਕੀ ਹੈ?**

**ਜਵਾਬ:** ਪ੍ਰਬੰਧਨ (ਸਟੀਵਰਡਸ਼ਿਪ) ਥ੍ਰੈਸ਼ਹੋਲਡ ਇੱਕ ਅਜਿਹਾ ਸ਼ਬਦ ਹੈ ਜੋ NRCS ਇਹ ਨਿਰਧਾਰਤ ਕਰਨ ਲਈ ਵਰਤਦੀ ਹੈ ਕਿ ਕੀ ਕੋਈ CSP ਬਿਨੈਕਾਰ ਮੌਜੂਦਾ ਸਮੇਂ ਵਿੱਚ ਕਿਸੇ ਖਾਸ ਕੁਦਰਤੀ ਸਰੋਤਾਂ ਦੀ ਚਿੰਤਾ ਲਈ ਢੁਕਵੇਂ ਪੱਧਰ ਦੇ ਸੰਭਾਲ ਮਾਪਦੰਡਾਂ ਨੂੰ ਪੂਰਾ ਕਰ ਰਿਹਾ ਹੈ ਜਾਂ ਇਸ ਤੋਂ ਵੱਧ ਰਿਹਾ ਹੈ। CSP ਬਿਨੈਕਾਰਾਂ ਨੂੰ ਇਸ ਵੇਲੇ ਸੰਚਾਲਨ ਵਿੱਚ ਸ਼ਾਮਲ ਹਰ ਜ਼ਮੀਨ ਦੀ ਵਰਤੋਂ ਬਾਰੇ ਘੱਟੋ-ਘੱਟ ਦੋ ਤਰਜੀਹੀ ਕੁਦਰਤੀ ਸਰੋਤ ਦੀਆਂ ਚਿੰਤਾਵਾਂ ਲਈ ਪ੍ਰਬੰਧਨ ਥ੍ਰੈਸ਼ਹੋਲਡ ਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਘੱਟੋ-ਘੱਟ ਇੱਕ ਜ਼ਮੀਨ ਦੀ ਵਰਤੋਂ ਤੇ ਇਕਰਾਰਨਾਮੇ ਦੇ ਅੰਤ ਤੱਕ ਘੱਟੋ-ਘੱਟ ਇੱਕ ਵਾਧੂ ਸਰੋਤ ਦੀ ਚਿੰਤਾ ਲਈ ਪ੍ਰਬੰਧਨ ਥ੍ਰੈਸ਼ਹੋਲਡ ਨੂੰ ਪੂਰਾ ਕਰਨ ਜਾਂ ਪਾਰ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ। ਜੇ ਤੁਸੀਂ ਆਪਣੀ ਸੀਮਾ ਬਾਰੇ ਪੱਕਾ ਨਹੀਂ ਹੋ ਤਾਂ ਚਿੰਤਾ ਨਾ ਕਰੋ ਕਿਉਂਕਿ ਇੱਕ NRCS ਯੋਜਨਾਕਾਰ ਤੁਹਾਡੀ ਮਦਦ ਕਰੇਗਾ।

## ਵਾਧਾ ਅਭਿਆਸ ਅਤੇ ਬੰਡਲ

**ਸਵਾਲ: ਸੰਭਾਲ ਅਭਿਆਸ ਕੀ ਹੈ?**

**ਜਵਾਬ:** ਸੰਭਾਲ ਅਭਿਆਸ ਮਿੱਟੀ, ਪਾਣੀ, ਪੌਦਿਆਂ, ਹਵਾ, ਜੰਗਲੀ ਜੀਵਾਂ ਦੀ ਰਿਹਾਇਸ਼ ਅਤੇ ਸੰਬੰਧਤ ਕੁਦਰਤੀ ਸਰੋਤਾਂ ਵਿੱਚ ਸੁਧਾਰ ਕਰ ਸਕਦੇ ਹਨ। ਹਰੇਕ ਸੰਭਾਲ ਅਭਿਆਸ ਹਰੇਕ ਰਾਜ ਦੁਆਰਾ ਵਿਕਸਤ ਕੀਤੇ ਗਏ NRCS ਅਭਿਆਸ ਮਿਆਰਾਂ ਦੀ ਵਰਤੋਂ ਕਰਦਿਆਂ ਕੀਤਾ ਜਾਣਾ ਚਾਹੀਦਾ ਹੈ।

**ਸਵਾਲ: ਵਾਧਾ ਕੀ ਹੈ?**

**ਜਵਾਬ:** ਵਾਧਾ ਸਰੋਤਾਂ ਦੀਆਂ ਚਿੰਤਾਵਾਂ ਦਾ ਇਲਾਜ ਕਰਨ ਅਤੇ ਸੰਭਾਲ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਵਰਤੀਆਂ ਜਾਂਦੀਆਂ ਸੰਭਾਲ ਸੰਬੰਧੀ ਗਤੀਵਿਧੀਆਂ ਹਨ।

**ਸਵਾਲ: ਬੰਡਲ ਕੀ ਹੈ?**

**ਜਵਾਬ:** ਬੰਡਲ ਜਮੀਨ-ਦੀ-ਵਰਤੋਂ ਵਿਸ਼ੇਸ਼ ਹੁੰਦੇ ਹਨ ਅਤੇ ਇਸ ਵਿੱਚ ਘੱਟੋ-ਘੱਟ ਤਿੰਨ ਵਾਧੇ ਸ਼ਾਮਲ ਹੁੰਦੇ ਹਨ, ਜਿਸਦੇ ਲਈ ਸਮੂਹ ਦੇ ਰੂਪ ਵਿੱਚ ਲਾਗੂਕਰਨ ਸੰਭਾਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਦਾ ਹੈ ਅਤੇ ਵਿਆਪਕ ਅਤੇ ਲਾਗਤ-ਪ੍ਰਭਾਵਸ਼ਾਲੀ ਢੰਗ ਨਾਲ ਕਈ ਸਰੋਤ ਚਿੰਤਾਵਾਂ ਨੂੰ ਹੱਲ ਕਰਦਾ ਹੈ।

ਹਰੇਕ ਬੰਡਲ ਵਿੱਚ ਤਿੰਨ ਜਾਂ ਵਧੇਰੇ ਲੋੜੀਂਦੇ ਵਾਧੇ ਹੁੰਦੇ ਹਨ ਅਤੇ ਕੁਝ ਬੰਡਲਾਂ ਲਈ, ਬਿਨੈਕਾਰ ਕੋਲ ਇੱਕ ਚੋਣਵੀ ਸੂਚੀ ਵਿੱਚੋਂ ਵਾਧੂ ਸੁਧਾਰਾਂ ਨੂੰ ਚੁਣਨ ਦਾ ਵਿਕਲਪ ਹੁੰਦਾ ਹੈ ਜੋ ਵਿਸ਼ੇਸ਼ ਸਰੋਤ ਚਿੰਤਾਵਾਂ ਨੂੰ ਦੂਰ ਕਰਦਾ ਹੈ।

ਆਪਣੀ ਸੰਪਤੀ ਤੇ ਵਾਧਿਆਂ ਜਾਂ ਬੰਡਲਾਂ ਨੂੰ ਲਾਗੂ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਉਤਪਾਦਕ ਉਨ੍ਹਾਂ ਬਾਰੇ ਹੋਰ ਜਾਣਨ ਲਈ ਆਪਣੇ ਸਥਾਨਕ NRCS ਸੰਭਾਲ ਯੋਜਨਾਕਾਰ ਨਾਲ ਮੁਲਾਕਾਤ ਕਰ ਸਕਦੇ ਹਨ।

## CSP ਭੁਗਤਾਨ

### ਸਵਾਲ: CSP ਰਾਹੀਂ ਕਿਸ ਕਿਸਮ ਦੇ ਭੁਗਤਾਨਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ?

**ਜਵਾਬ:** CSP ਰਾਹੀਂ ਤਿੰਨ ਤਰ੍ਹਾਂ ਦੇ ਭੁਗਤਾਨ ਉਪੱਲਬਧ ਹਨ।

1. **ਸਾਲਾਨਾ ਇਕਰਾਰਨਾਮਾ ਭੁਗਤਾਨ** ਜੋ ਦੋ ਘਟਕਾਂ ਤੇ ਅਧਾਰਤ ਹਨ:
   - ਇਕਰਾਰਨਾਮੇ ਵਿੱਚ ਸ਼ਾਮਲ ਜਮੀਨ ਦੀਆਂ ਵਰਤੋਂਆਂ ਦੇ ਅਧਾਰ ਤੇ ਸੰਭਾਲ ਦੇ ਮੌਜੂਦਾ ਪੱਧਰ ਨੂੰ ਕਾਇਮ ਰੱਖਣ ਲਈ ਭੁਗਤਾਨ
   - ਵਾਧੂ ਸੰਭਾਲ ਅਭਿਆਸਾਂ ਅਤੇ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਭੁਗਤਾਨ।
2. ਉਨ੍ਹਾਂ ਉਤਪਾਦਕਾਂ ਲਈ **ਪੂਰਕ ਭੁਗਤਾਨ** ਜੋ ਸਰੋਤ ਸੰਭਾਲ ਫਸਲੀ ਚੱਕਰ ਨੂੰ ਲਾਗੂ ਕਰਨ, ਮੌਜੂਦਾ ਸਰੋਤ ਸੰਭਾਲ ਫਸਲੀ ਚੱਕਰ ਨੂੰ ਸੁਧਾਰਨ, ਜਾਂ ਉੱਨਤ ਚਰਾਉਣ ਦੇ ਪ੍ਰਬੰਧਨ ਨੂੰ ਲਾਗੂ ਕਰਨ ਲਈ ਤਿਆਰ ਹਨ
3. **ਜ਼ਿਆਦਾਤਰ ਇਕਰਾਰਨਾਮਿਆਂ ਲਈ** ਘੱਟੋ-ਘੱਟ ਇਕਰਾਰਨਾਮਾ ਭੁਗਤਾਨ।

### ਸਵਾਲ: ਭੁਗਤਾਨ ਕਦੋਂ ਕੀਤੇ ਜਾਂਦੇ ਹਨ?

**ਜਵਾਬ:** NRCS ਪਿਛਲੇ ਵਿੱਤੀ ਸਾਲ ਵਿੱਚ ਸਥਾਪਿਤ ਅਤੇ ਕਾਇਮ ਰੱਖੀਆਂ ਗਈਆਂ ਅਤੇ 30 ਸਤੰਬਰ ਤੋਂ ਪਹਿਲਾਂ ਮੁਕੰਮਲ ਕੀਤੀਆਂ ਗਈਆਂ ਇਕਰਾਰਨਾਮੇ ਦੀਆਂ ਗਤੀਵਿਧੀਆਂ ਲਈ ਹਰੇਕ ਵਿੱਤੀ ਸਾਲ ਦੇ 1 ਅਕਤੂਬਰ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਭੁਗਤਾਨ ਕਰਦੀ ਹੈ।

### ਸਵਾਲ: ਕੀ ਮੈਨੂੰ ਮੇਰੇ ਭੁਗਤਾਨਾਂ ਤੇ ਆਮਦਨ ਟੈਕਸ ਦਾ ਭੁਗਤਾਨ ਕਰਨਾ ਹੋਵੇਗਾ?

**ਜਵਾਬ:** ਹਾਂ। NRCS ਦੁਆਰਾ ਤੁਹਾਨੂੰ ਕੀਤੇ ਗਏ ਸਾਰੇ ਭੁਗਤਾਨਾਂ ਦੀ ਰਿਪੋਰਟ ਅੰਦਰੂਨੀ ਮਾਲੀਆ ਸੇਵਾ (ਇੰਟਰਨਲ ਰੀਵੈਨਿਯੂ ਸਰਵਿਸ) ਨੂੰ ਕੀਤੀ ਜਾਂਦੀ ਹੈ ਅਤੇ ਲਾਗੂ ਟੈਕਸ ਸਾਲ ਲਈ ਤੁਹਾਡੀ ਟੈਕਸ ਰਿਟਰਨ ਵਿੱਚ ਆਮਦਨੀ ਵਜੋਂ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਤੁਸੀਂ ਆਪਣੀ ਟੈਕਸ ਰਿਟਰਨ ਤੇ CSP ਭੁਗਤਾਨਾਂ ਦੀ ਰਿਪੋਰਟ ਕਰਨ ਲਈ ਇੱਕ ਫਾਰਮ 1099 ਪ੍ਰਾਪਤ ਕਰੋਗੇ।

## CSP ਅਰਜ਼ੀ ਅਤੇ ਮੁਲਾਂਕਣ

### ਸਵਾਲ: ਮੈਂ CSP ਲਈ ਅਰਜ਼ੀ ਕਿਵੇਂ ਦੇਵਾਂ?

**ਜਵਾਬ:** ਆਪਣੇ ਸਥਾਨਕ NRCS ਖੇਤਰੀ ਦਫਤਰ ਨਾਲ ਸੰਪਰਕ ਕਰੋ ਅਤੇ ਉਹਨਾਂ ਨੂੰ ਦੱਸੋ ਕਿ ਤੁਸੀਂ CSP ਵਿੱਚ ਦਿਲਚਸਪੀ ਰੱਖਦੇ ਹੋ। ਤੁਹਾਡੀ ਸੰਭਾਲ ਦੀ ਪ੍ਰਬੰਧਨ ਥ੍ਰੈਸ਼ਹੋਲਡ ਯੋਗਤਾ ਨਿਰਧਾਰਤ ਕਰਨ ਲਈ ਇੱਕ ਸੰਭਾਲ ਯੋਜਨਾਕਾਰ ਤੁਹਾਡੇ ਨਾਲ ਕੰਮ ਕਰੇਗਾ।

ਜੇ ਤੁਸੀਂ USDA ਨਾਲ ਕੰਮ ਕਰਨ ਲਈ ਨਵੇਂ ਹੋ, ਤਾਂ ਤੁਹਾਨੂੰ ਫਾਰਮ ਸੇਵਾ ਏਜੰਸੀ (FSA) ਦੇ ਨਾਲ ਆਪਣਾ ਫਾਰਮ ਰਿਕਾਰਡ ਸਥਾਪਿਤ ਕਰਨ ਦੀ ਜ਼ਰੂਰਤ ਹੋਵੇਗੀ। ਫਾਰਮ ਰਿਕਾਰਡ ਸਥਾਪਿਤ ਕਰਨ ਲਈ ਕਈ ਫਾਰਮਾਂ ਅਤੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਇਸ ਲਈ ਜਿੰਨੀ ਜਲਦੀ ਹੋ ਸਕੇ ਆਪਣੇ FSA ਦਫਤਰ ਨਾਲ ਮੁਲਾਕਾਤ ਦਾ ਸਮਾਂ ਨਿਰਧਾਰਤ ਕਰੋ।

ਤੁਹਾਡੇ ਫਾਰਮ ਰਿਕਾਰਡ ਦਸਤਾਵੇਜ਼ਾਂ ਤੋਂ ਇਲਾਵਾ, ਤੁਹਾਨੂੰ NRCS ਨੂੰ ਹੇਠਾਂ ਦਿੱਤੇ ਦਸਤਾਵੇਜ਼ ਜਮ੍ਹਾਂ ਕਰਾਉਣ ਦੀ ਜ਼ਰੂਰਤ ਹੋਵੇਗੀ:

1. NRCS CPA-1200- ਸੰਭਾਲ ਪ੍ਰੋਗਰਾਮ ਅਰਜ਼ੀ
2. ਸੰਚਾਲਨ ਵਿੱਚ ਜ਼ਮੀਨ ਦੇ ਸਾਰੇ ਉਪਯੋਗ ਅਤੇ ਏਕੜ ਦਿਖਾਉਂਦਾ ਇੱਕ ਨਕਸ਼ਾ।
3. ਇੱਕ ਗਿਆਤ ਅਯੋਗ ਜ਼ਮੀਨ ਅਤੇ ਸੰਬੰਧਤ ਰਕਬੇ ਦੀ ਰਕਮਾਂ ਦੀ ਪਛਾਣ ਕਰਨ ਵਾਲਾ ਇੱਕ ਨਕਸ਼ਾ ਜਾਂ ਹੋਰ ਦਸਤਾਵੇਜ਼।

### ਸਵਾਲ: CSP ਅਰਜ਼ੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

**ਜਵਾਬ:** ਇੱਕ ਵਾਰ ਜਦੋਂ NRCS ਤੁਹਾਡੇ ਸੰਚਾਲਨ ਦਾ ਮੁਲਾਂਕਣ ਪੂਰਾ ਕਰ ਲੈਂਦੀ ਹੈ ਅਤੇ ਤੁਸੀਂ ਉਨ੍ਹਾਂ ਸੰਭਾਲ ਅਭਿਆਸਾਂ ਜਾਂ ਗਤੀਵਿਧੀਆਂ ਦੀ ਚੋਣ ਕਰ ਲੈਂਦੇ ਹੋ ਜਿਨ੍ਹਾਂ ਨੂੰ ਤੁਸੀਂ ਲਾਗੂ ਕਰਨਾ ਚਾਹੁੰਦੇ ਹੋ, ਤਾਂ NRCS ਇਹ ਨਿਰਧਾਰਤ ਕਰਨ ਲਈ ਤੁਹਾਡੀ ਅਰਜ਼ੀ ਨੂੰ ਦਰਜਾ ਦੇਵੇਗੀ ਕਿ ਤੁਹਾਡੀ ਮੌਜੂਦਾ ਅਤੇ ਭਵਿੱਖ ਦੀ ਪ੍ਰਬੰਧਨ ਪ੍ਰਣਾਲੀ ਰਾਸ਼ਟ੍ਰੀ, ਰਾਜ ਅਤੇ ਸਥਾਨਕ ਕੁਦਰਤੀ ਸਰੋਤ ਤਰਜੀਹਾਂ.ਨੂੰ ਕਿੰਨੀ ਚੰਗੀ ਤਰ੍ਹਾਂ ਹੱਲ ਕਰੇਗੀ।

NRCS ਤੁਹਾਡੀ ਅਰਜ਼ੀ ਨੂੰ ਉਸੇ ਰੈਂਕਿੰਗ ਪੂਲ ਵਿੱਚ ਹੋਰ ਸਮਾਨ ਯੋਗ ਅਰਜ਼ੀਆਂ ਨਾਲ ਦਰਜਾ ਦੇਵੇਗੀ ਅਤੇ ਸਭ ਤੋਂ ਵੱਧ ਸਕੋਰ ਕਰਨ ਵਾਲੀਆਂ ਅਰਜ਼ੀਆਂ ਨੂੰ ਇਕਰਾਰਨਾਮਾ ਪੇਸ਼ਕਸ਼ਾਂ ਪਹਿਲਾਂ ਪ੍ਰਾਪਤ ਹੁੰਦੀਆਂ ਹਨ।

## CSP ਘਾਹ ਵਾਲੀਆਂ ਜਮੀਨਾਂ ( ਗਰਾਸਲੈਂਡ) ਦੀ ਸੰਭਾਲ ਦੀ ਪਹਿਲ

CSP ਨਵੀਂ ਘਾਹ ਵਾਲੀਆਂ ਜਮੀਨਾਂ ਦੀ ਸੰਭਾਲ ਦੀ ਪਹਿਲ (GCI) ਦੀ ਪੇਸ਼ਕਸ਼ ਕਰਦਾ ਹੈ ਜੋ ਯੋਗ ਉਤਪਾਦਕਾਂ ਨੂੰ ਚਰਾਉਣ ਵਾਲੀਆਂ ਜ਼ਮੀਨਾਂ ਦੀ ਸੁਰੱਖਿਆ, ਮਿੱਟੀ, ਪਾਣੀ ਅਤੇ ਜੰਗਲੀ ਜੀਵਨ ਸਰੋਤਾਂ ਦੀ ਸੰਭਾਲ ਅਤੇ ਸੁਧਾਰ ਕਰਨ ਅਤੇ ਪੰਜ ਸਾਲ ਦੇ ਘਾਹ ਵਾਲੀਆਂ ਜਮੀਨਾਂ ਦੇ ਸੰਭਾਲ ਦੇ ਇਕਰਾਰਨਾਮੇ ਰਾਹੀਂ ਸੰਬੰਧਤ ਸੁਰੱਖਿਆ ਮੁੱਲਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਯੋਗਤਾ ਉਨ੍ਹਾਂ ਉਤਪਾਦਕਾਂ ਤੱਕ ਸੀਮਤ ਹੈ ਜਿਨ੍ਹਾਂ ਨੇ ਆਪਣੀ FSA ਰਕਬਾ ਰਿਪੋਰਟ 2009 ਤੋਂ 2017 ਵਿੱਚ ਘਾਹ ਰਿਕਾਰਡ ਕੀਤੀ ਹੈ।